**शिक्षा निदेशालय ,राष्ट्रीय राजधानी क्षेत्र,दिल्ली**

**Annual Syllabus (2026-27)**

**Class- VIII**

**Subject- Punjabi**

| **ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਪਾਠਕ੍ਰਮ ਟੀਚੇ ਅਤੇ ਯੋਗਤਾਵਾਂ** | **ਸਿੱਖਣ ਨਤੀਜੇ** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-1**<br>**ਤੇਗ ਬਹਾਦਰ**<br>**(ਕਵਿਤਾ)** | ਗੁਰੂ ਤੇਗ ਬਹਾਦਰ ਜੀ ਦੀ ਸਖਸ਼ੀਅਤ ਅਤੇ ਤਿਆਗ ਦਾ ਗੁਣਗਾਨ ਕਰਨਾ। | ਕਿਰਿਆ ( ਅਕਰਮਕ ਅਤੇ ਸਕਰਮਕ ਕਿਰਿਆ) | CG-1 \| ਰੋਜ਼ਾਨਾ ਦੀ ਗੱਲਬਾਤ ਲਈ ਪ੍ਰਭਾਵਸ਼ਾਲੀ ਸੰਚਾਰ ਹੁਨਰ ਵਿਕਸਿਤ ਕਰਨਾ, ਘਟਨਾਵਾਂ , ਸਥਿਤੀਆਂ , ਕਹਾਣੀ ਜਾਂ ਕਲਪਨਾ ਦਾ ਵਿਸਥਾਰਪੂਰਵਕ ਵਰਨਣ ਕਰਦੇ ਹੋਏ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਮੌਖਿਕ ਯੋਗਤਾ ਨੂੰ ਵਧਾਉਣਾ ।<br>C-1.1 \| ਸੰਦਰਭ ਦੇ ਅਨੁਸਾਰ ਢੁਕਵੀਂ ਗੱਲਬਾਤ ਕਰਨਾ।<br>C-1.2 \| ਵਿਭਿੰਨ ਪਾਠਾਂ (ਕਹਾਣੀਆਂ, ਕਵਿਤਾਵਾਂ ਅਤੇ ਗੱਲਬਾਤ) ਨੂੰ ਸੁਣਨਾ ਅਤੇ ਸਮੱਗਰੀ ਦੇ ਮੁੱਖ ਵਿਚਾਰਾਂ ਦਾ ਸਾਰ ਕੱਢਣਾ। | -ਵਿਦਿਆਰਥੀ ਕਵਿਤਾ ਵਿਧਾ ਬਾਰੇ ਜਾਣਕਾਰੀ ਰੱਖਦੇ ਹਨ।<br>-ਵਿਦਿਆਰਥੀ ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>-ਗੁਰੂ ਤੇਗ ਬਹਾਦਰ ਜੀ ਬਾਰੇ ਜਾਣਕਾਰੀ ਰੱਖਦੇ ਹਨ। | -ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਚਾਰਟ /ਪੋਸਟਰ ਤਿਆਰ ਕਰਵਾਉਣਾ। -ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕੋਈ ਹੋਰ ਰਚਨਾ ਲਿਖਵਾਉਣਾ।<br>-ਔਖੇ ਸ਼ਬਦਾਂ ਦਾ ਉਹਨਾਂ ਦੇ ਅਰਥਾਂ ਨਾਲ ਮਿਲਾਨ ਕਰਵਾਉਣਾ।<br>-ਕਵਿਤਾ ਦਾ ਉਚਾਰਣ ਕਰਦੇ ਸਮੇਂ ਵਿਦਿਆਰਥੀਆਂ ਦੀਆਂ ਉਚਾਰਣ ਅਸ਼ੁੱਧੀਆਂ ਨੂੰ ਸ਼ੁੱਧ ਕਰਾਉਣਾ। |

<table>
<tr><td></td><td></td><td></td><td></td><td></td><td>-ਗੁਰੂ ਤੇਗ ਬਹਾਦਰ ਜੀ ਬਾਰੇ ਪੰਜ ਸਤਰਾਂ ਲਿਖਵਾਉਣਾ।</td></tr>
<tr><td>ਪਾਠ-2<br>ਦਸ ਰੁਪਏ ਦਾ ਅਜੀਬ ਨੋਟ<br>(ਕਹਾਣੀ)</td><td>ਕਹਾਣੀ ਦੇ ਮਾਧਿਅਮ ਰਾਹੀਂ ਸਾਫ਼-ਸਫ਼ਾਈ ਰੱਖਣ ਦੀ ਸਿੱਖਿਆ ਦੇਣਾ ।</td><td>ਵਿਸਰਾਮ ਚਿਨ੍ਹ, ਪੜਨਾਂਵ ਸ਼ਬਦ।</td><td>C-1.3 | ਮੌਖਿਕ ਪੇਸ਼ਕਾਰੀਆਂ ਕਰਨਾ (ਜਿਵੇਂ ਕਿ ਜਮਾਤ ਵਿੱਚ ਬਹਿਸ, ਸਵਾਗਤੀ ਨੋਟ, ਛੋਟੇ ਪ੍ਰੋਗਰਾਮਾਂ ਦਾ ਸੰਚਾਲਨ, ਛੋਟੇ ਭਾਸ਼ਣ ਆਦਿ)।<br>CG2 ਭਾਸ਼ਾ ਪ੍ਰਵਾਹ ਅਤੇ ਜੋ ਕੁਝ ਪੜ੍ਹਿਆ ਗਿਆ ਹੈ ਉਸਨੂੰ ਸਮਝਣ ਦੀ ਯੋਗਤਾ ਵਿਕਸਿਤ ਕਰਨਾ |<br>C-2.1 | ਕਹਾਣੀਆਂ ਅਤੇ ਪੈਰਿਆਂ ਨੂੰ ਸ਼ੁੱਧਤਾ, ਉਚਿਤ ਠਹਿਰਾਅ ਅਤੇ ਲੈਅ ਨਾਲ ਪੜ੍ਹਨਾ।<br>C-2.2 | ਕਹਾਣੀਆਂ, ਕਵਿਤਾਵਾਂ, ਗੱਲਬਾਤ, ਪੋਸਟਰਾਂ ਅਤੇ ਹਦਾਇਤਾਂ ਦੇ ਅਰਥ ਅਤੇ ਪਾਠ ਵਿੱਚ ਮੁੱਖ ਵਿਚਾਰ ਨੂੰ ਸਮਝਣਾ।<br>CG-3 | ਆਪਣੀ ਸਮਝ, ਤਜ਼ਰਬਿਆਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਖਤੀ ਰੂਪ ਵਿੱਚ (ਹਦਾਇਤਾਂ, ਸੱਦਾ ਪੱਤਰ ਅਤੇ ਚਿੱਠੀਆਂ ਰਾਹੀਂ) ਪ੍ਰਗਟ ਕਰਨ ਦੀ ਯੋਗਤਾ ਵਿਕਸਿਤ ਕਰਨਾ।</td><td>-ਕਹਾਣੀ ਵਿਧਾ ਬਾਰੇ ਜਾਣਕਾਰੀ ਰੱਖਦੇ ਹਨ।<br>-ਕਹਾਣੀ ਪੜ੍ਹਦੇ ਅਤੇ ਵਿਸ਼ਾ ਵਸਤੂ ਸਮਝਦੇ ਹਨ।<br>-ਕਿਰਿਆ ਅਤੇ ਕਿਰਿਆ ਵਿਸ਼ੇਸ਼ਣ ਚੁਣ ਕੇ ਖਾਲੀ ਥਾਵਾਂ ਭਰਦੇ ਹਨ।<br>- ਵਾਤਾਵਰਣ ਨੂੰ ਸਾਫ਼ - ਸੁਥਰਾ ਰੱਖਣ ਅਤੇ ਸਾਫ਼-ਸਫਾਈ ਦਾ ਮਹੱਤਵ ਸਮਝਦੇ ਹਨ।<br>-ਵਿਸਰਾਮ ਚਿੰਨ ਵਰਤੋਂ ਦਾ ਅਭਿਆਸ ਕਰਦੇ ਹਨ।</td><td>-ਕਹਾਣੀ ਦਾ ਰੋਲ-ਪਲੇ (ਨਾਟਕ ਰੂਪ) ਕਰਵਾਉਣਾ ।<br>-ਵਿਦਿਆਰਥੀ ਆਪਣੀ ਜਮਾਤ ਨੂੰ ਸਾਫ਼-ਸੁਥਰਾ ਕਿਵੇਂ ਰੱਖ ਸਕਦੇ ਹਨ? ਵਿਸ਼ੇ ਤੇ ਚਰਚਾ ਕਰਵਾਉਣਾ।<br>-ਵਿਦਿਆਰਥੀਆਂ ਦੁਆਰਾ ਬਣਾਈ ਹੋਈ ਸਫਾਈ ਸਬੰਧੀ ਛੋਟੀ ਕਹਾਣੀ ਜਮਾਤ ਵਿੱਚ ਲਿਖਵਾਉਣਾ।<br>-‘ਸਫ਼ਾਈ ਅਭਿਆਨ’ ਸੰਬੰਧੀ ਡਰਾਇੰਗ ਬਣਵਾਉਣਾ।<br>-ਵਿਸਰਾਮ ਚਿੰਨ੍ਹ ਲਗਾਉਣ ਲਈ ਕੋਈ ਪੈਰਾ ਦੇਣਾ।</td></tr>
</table>

| | | | | | |
|---|---|---|---|---|---|
| | | | C-3.1 \| ਆਪਣੀ ਸਮਝ ਅਤੇ ਤਜ਼ਰਬਿਆਂ ਨੂੰ ਪ੍ਰਗਟ ਕਰਨ ਲਈ ਇੱਕ ਪੈਰਾ ਲਿਖਣਾ। | | |
| **ਪਾਠ-3<br>ਨਵਰੋਜ਼<br>(ਲੇਖ)** | ਨਵਰੋਜ਼ ਤਿਉਹਾਰ ਦੇ ਇਤਿਹਾਸ ਅਤੇ ਮਨਾਉਣ ਦੇ ਢੰਗ ਬਾਰੇ ਜਾਣਕਾਰੀ ਦੇਣਾ । | ਕਿਰਿਆ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ, ਵਾਕਾਂ ਵਿਚ ਵਰਤੋਂ। | | -ਲੇਖ ਵਿਧਾ ਬਾਰੇ ਜਾਣਕਾਰੀ ਰੱਖਦੇ ਹਨ।<br>-ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੇ ਮਹੱਤਵ ਬਾਰੇ ਜਾਣਕਾਰੀ ਰੱਖਦੇ ਹਨ।<br>-'ਨਵਰੋਜ਼' ਤਿਉਹਾਰ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ।<br>-ਤਿਉਹਾਰਾਂ ਦੇ ਮਾਧਿਅਮ ਨਾਲ ਏਕਤਾ ਅਤੇ ਭਾਈਚਾਰਕ ਸਾਂਝ ਦਾ ਗੁਣ ਸਿੱਖਦੇ ਹਨ। | -ਵੱਖ ਵੱਖ ਤਿਉਹਾਰਾਂ ਦੀਆਂ ਤਸਵੀਰਾਂ ਸਹਿਤ ਉਹਨਾਂ ਦੇ ਨਾਂ ਲਿਖਵਾਉਣਾ ।<br>-ਤਿਉਹਾਰਾਂ ਰਾਹੀਂ ਭਾਈਚਾਰੇ ਦਾ ਸੰਦੇਸ਼ ਲਿਖਵਾਉਣਾ।<br>-ਜਮਾਤ ਵਿੱਚ 'ਮੇਰਾ ਮਨਪਸੰਦ ਤਿਉਹਾਰ' ਵਿਸ਼ੇ 'ਤੇ ਬੋਲਣ ਦੀ ਗਤੀਵਿਧੀ ਕਰਵਾਉਣਾ।<br>-ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੀ ਸੂਚੀ ਤਿਆਰ ਕਰਵਾਉਣਾ।<br>-ਵਿਦਿਆਰਥੀਆਂ ਦੇ ਮਨਪਸੰਦ ਤਿਉਹਾਰ ਬਾਰੇ ਕੋਈ ਡਰਾਇੰਗ ਬਣਵਾ ਕੇ ਪੰਜ ਸਤਰਾਂ ਵਿੱਚ ਵਰਨਣ ਕਰਵਾਉਣਾ। |

| | | | | | |
|---|---|---|---|---|---|
| **ਪਾਠ-4**<br>**ਪਾਂਡੀ ਪਾਤਸ਼ਾਹ**<br>**(ਕਵਿਤਾ)** | ਪੰਜਾਬ ਵਿੱਚ ਭਿਆਨਕ ਅਕਾਲ ਪੈਣ ਸਮੇਂ ਮਹਾਰਾਜਾ ਰਣਜੀਤ ਸਿੰਘ ਵਲੋਂ ਪਰਜਾ ਦੀ ਭਲਾਈ ਲਈ ਕੀਤੇ ਕੰਮਾਂ ਦਾ ਵਰਣਨ। | ਗੁਰਮੁਖੀ ਸ਼ਬਦ। | | -ਕਵਿਤਾ ਵਿਧਾ ਬਾਰੇ ਜਾਣਕਾਰੀ ਰੱਖਦੇ ਹਨ ।<br>-ਕਵਿਤਾ ਦਾ ਉਚਾਰਨ ਸੁਰ,ਤਾਲ ਲੈਅ ਨਾਲ ਕਰਨਾ ਸਿੱਖਦੇ ਹਨ ।<br>-ਮਹਾਰਾਜਾ ਰਣਜੀਤ ਸਿੰਘ ਦੀ ਸਖਸ਼ੀਅਤ ਬਾਰੇ ਜਾਣਦੇ ਹਨ।<br>-ਕੁਦਰਤੀ ਆਫ਼ਤਾ ਸਮੇਂ ਪੇਸ਼ ਆਉਂਦੀਆਂ ਚੁਣੌਤੀਆਂ ਬਾਰੇ ਜਾਗਰੂਕ ਹੁੰਦੇ ਹਨ।<br>-ਕਵਿਤਾ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੁੰਦੇ ਹਨ।<br>-ਕੁਦਰਤੀ ਆਫ਼ਤਾ ਬਾਰੇ ਚੇਤੰਨ ਹੁੰਦੇ ਹਨ। | -ਕੰਪਿਊਟਰ /ਇੰਟਰਨੈਟ ਦੇ ਮਾਧਿਅਮ ਰਾਹੀਂ ਮਹਾਰਾਜਾ ਰਣਜੀਤ ਸਿੰਘ ਬਾਰੇ ਹੋਰ ਜਾਣਕਾਰੀ ਇਕੱਠੀ ਕਰਕੇ ਪ੍ਰੋਜੈਕਟ ਬਣਵਾਉਣਾ ।<br>-ਕੁਦਰਤੀ ਆਫ਼ਤਾ ਸਮੇਂ ਕੀ ਕਰਨਾ ਚਾਹੀਦਾ ਹੈ ?ਵਿਸ਼ੇ ‘ਤੇ ਜਮਾਤ ਵਿੱਚ ਚਰਚਾ ਕਰਵਾਉਣਾ।<br>-ਮਹਾਰਾਜਾ ਰਣਜੀਤ ਸਿੰਘ ਬਾਰੇ ਹੋਰ ਜਾਣਕਾਰੀ ਦੇਣਾ।<br>-ਕਿਸੇ ਅਚਾਨਕ ਆਈ ਆਫ਼ਤ ਤੋਂ ਨਿਪਟਣ ਬਾਰੇ ਜਮਾਤ ਵਿੱਚ ਚਰਚਾ ਕਰਵਾਉਣਾ।<br>-ਤੁਸੀਂ ਆਪਣੇ ਜੀਵਨ ਵਿੱਚ ਕਿਸੇ ਵਿਅਕਤੀ ਦੀ ਕਿਵੇਂ ਮਦਦ ਕੀਤੀ ਹੈ? ਵਿਦਿਆਰਥੀਆਂ ਦੇ ਅਨੁਭਵ ਜਮਾਤ ਵਿੱਚ ਸਾਂਝਾ ਕਰਵਾਉਣਾ। |

| | | | | | |
|---|---|---|---|---|---|
| | | | | | -ਕਵਿਤਾ ਵਿੱਚ ਆਏ ਇਕ-ਵਚਨ ਤੇ ਬਹੁ-ਵਚਨ ਚੁਣ ਕੇ ਲਿਖਣਾ।<br>-ਕਵਿਤਾ ਵਿੱਚ ਆਏ ਦਿਆਲਤਾ, ਸਾਦਗੀ,ਸੇਵਾ-ਭਾਵ,ਨਿਮਰਤਾ, ਆਦਿ ਗੁਣਾਂ ਉੱਤੇ ਜਮਾਤ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਸਮੂਹਾਂ ਵਿੱਚ ਵੰਡ ਕੇ ਹਰੇਕ ਸਮੂਹ ਵਲੋਂ ਪੇਸ਼ਕਾਰੀ ਕਰਨਾ। |
| **ਪਾਠ-5**<br>**ਇੱਕ ਨਵੀਂ ਸਵੇਰ ਦੀ ਦਾਸਤਾਨ - ਅਰੂਨਿਮਾ ਸਿਨਹਾ (ਜੀਵਨੀ)** | ਅਰੂਨਿਮਾ ਸਿਨਹਾ ਦੇ ਜੀਵਨ ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਸਕਾਰਾਤਮਕ ਸੋਚ ਅਤੇ ਜਜ਼ਬੇ ਰਾਹੀਂ ਹਰ ਮੰਜ਼ਿਲ ਨੂੰ ਹਾਸਲ ਕਰਨਾ । | ਵਾਕਾਂ ਵਿੱਚ ਵਰਤੋਂ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ। | | -ਵਿਦਿਆਰਥੀ ਜੀਵਨੀ ਵਿਧਾ ਬਾਰੇ ਜਾਣਦੇ ਹਨ।<br>-ਵਿਦਿਆਰਥੀ ਜੀਵਨੀ ਵਿੱਚ ਆਏ ਵਿਚਾਰਾਂ ਨੂੰ ਸਮਝਦੇ ਹਨ।<br>-ਅਰੂਨਿਮਾ ਸਿਨਹਾ ਵਰਗੇ ਖਿਡਾਰੀਆਂ ਬਾਰੇ ਹੋਰ ਜਾਣਕਾਰੀ ਇਕੱਠੀ ਕਰਦੇ ਹਨ।<br>- ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਵਿਦਿਆਰਥੀ ਜੀਵਨ ਵਿੱਚ ਮਹੱਤਵ ਨੂੰ ਸਮਝਦੇ ਹਨ । | -ਪ੍ਰੇਰਨਾਦਾਇਕ ਵਿਅਕਤੀਆਂ ਬਾਰੇ ਜਾਣਕਾਰੀ ਇਕੱਠੀ ਕਰਕੇ ਜਮਾਤ ਵਿੱਚ ਚਰਚਾ ਕਰਨਾ।<br>-ਮੁਸੀਬਤ ਦੇ ਸਮੇਂ ਹਿੰਮਤ ਤੋਂ ਕੰਮ ਲੈਣ ਬਾਰੇ ਵਿਚਾਰ ਚਰਚਾ ਕਰਨਾ।<br>-ਵਿਸ਼ੇਸ਼ ਯੋਗਤਾ ਰੱਖਦੇ ਖਿਡਾਰੀਆਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਕਾਪੀ ਵਿੱਚ ਚਿਪਕਾਉਣਾ। |

| | | | | | |
|---|---|---|---|---|---|
| | | | | -ਅਰੂਨਿਮਾ ਸਿਨਹਾ ਦੇ ਸੰਘਰਸ਼ਾਂ ਤੋਂ ਪ੍ਰੇਰਣਾ ਲੈਂਦੇ ਹਨ।<br>-ਜੀਵਨ ਵਿੱਚ ਸਦਾ ਸਕਾਰਾਤਮਕ ਰਵੱਈਆ ਅਪਣਾਉਣਾ ਸਿੱਖਦੇ ਹਨ। | - 'ਮਾਉਂਟ ਐਵਰਸਟ' ਬਾਰੇ ਪੰਜ ਸਤਰਾਂ ਲਿਖਣ ਲਈ ਦੇਣਾ।<br>-'ਖੇਡਾਂ ਦੇ ਮਹੱਤਵ' 'ਤੇ ਪੋਸਟਰ /ਸਲੋਗਨ ਬਣਵਾਉਣਾ।<br>-ਲੇਖਿਕਾ ਦੁਆਰਾ ਪਾਠ ਵਿੱਚੋਂ ਸਵੈ ਦੇ ਬਾਰੇ ਦੱਸਣ ਵਾਲੀਆਂ ਸਤਰਾਂ ਚੁਣ ਕੇ ਲਿਖਵਾਉਣਾ। |
| **ਪਾਠ-6**<br>**ਦਿੱਲੀ ਦਾ ਰਾਜ-ਪੰਛੀ-ਚਿੜੀ (ਲੇਖ)** | ਚਿੜੀ ਬਾਰੇ ਜਾਣਕਾਰੀ,ਅਲੋਪ ਹੋਣ ਦੇ ਕਾਰਨ ਅਤੇ ਰਾਜ-ਪੰਛੀ ਦਾ ਦਰਜਾ ਦਿੱਤੇ ਜਾਣ ਦਾ ਵਰਨਣ । | ਵਿਸਰਾਮ ਚਿਨ੍ਹ, ਮਿਲਾਨ ਕਰੋ, ਲਗਾਖਰ, ਵਾਕਾਂ ਵਿੱਚ ਵਰਤੋਂ। | | -ਚਿੜੀ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ ।<br>-ਚਿੜੀ ਪ੍ਰਜਾਤੀ ਦੇ ਅਲੋਪ ਹੋਣ ਦੇ ਕਾਰਨਾਂ ਬਾਰੇ ਜਾਣਦੇ ਹਨ ।<br>-ਵਾਤਾਵਰਨ ਦੀ ਸਾਂਭ-ਸੰਭਾਲ ਕਰਨਾ ਸਿੱਖਦੇ ਹਨ।<br>-ਪਾਠ ਵਿੱਚ ਆਏ ਵਿਚਾਰਾਂ ਉੱਤੇ ਚਿੰਤਨ ਕਰਦੇ ਹਨ।<br>-ਚਿੜੀ ਵਰਗੇ ਅਲੋਪ ਹੋ ਰਹੇ ਪੰਛੀਆਂ ਦੇ ਬਚਾਅ ਬਾਰੇ ਚਰਚਾ ਕਰਦੇ ਹਨ। | -ਆਪਣੇ ਮਨ ਪਸੰਦ ਦੇ ਪੰਜ ਪੰਛੀਆਂ ਦੇ ਨਾਂ ਅਵਾਜ਼ਾਂ ਸਹਿਤ ਲਿਖੋ ।<br>-ਚਿੜੀ ਨਾਲ ਸੰਬੰਧਤ ਕੋਈ ਕਹਾਣੀ ਜਮਾਤ ਵਿੱਚ ਸੁਣਨਾ।<br>-ਚਿੜੀ ਦੀ ਤਸਵੀਰ ਬਣਵਾ ਕੇ ਵੰਨ-ਸੁਵੰਨੇ ਰੰਗ ਭਰਵਾਉਣਾ।<br>-'ਵਾਤਾਵਰਨ ਬਚਾਓ' ਸਬੰਧੀ ਨਾਅਰੇ ਲਿਖਵਾਉਣਾ।<br>-ਪਸ਼ੂ-ਪੰਛੀਆਂ ਦੀ ਦੇਖਭਾਲ ਸੰਬੰਧੀ ਜਾਣਕਾਰੀ ਦੇਣਾ। |

| | | | | | |
|---|---|---|---|---|---|
| | | | | | -ਆਪਣੇ ਆਸ-ਪਾਸ ਵੇਖੇ ਗਏ ਪੰਛੀਆਂ ਦੀ ਸੂਚੀ ਤਿਆਰ ਕਰਨਾ। |
| **ਪਾਠ-7**<br>**ਇੱਕ ਪਿਆਲਾ ਪਾਣੀ**<br>**(ਕਵਿਤਾ)** | ਅਕਬਰ ਅਤੇ ਬੀਰਬਲ ਦੇ ਵਾਰਤਾਲਾਪ ਰਾਹੀਂ ਮਨੁੱਖੀ ਜੀਵਨ ਵਿੱਚ ਜਲ ਦੇ ਮਹੱਤਵ ਨੂੰ ਸਮਝਣਾ । | ਮੁਹਾਵਰੇ (ਬਹੁਵਿਕਲਪੀ), ਵਾਕਾਂ ਵਿੱਚ ਵਰਤੋਂ, ਕਾਲ ਬਦਲੋ। | | -ਕਵਿਤਾ ਦਾ ਕੇਂਦਰੀ ਭਾਵ ਸਮਝਦੇ ਹਨ।<br>-ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>-ਜਲ ਦੀ ਸੰਭਾਲ ਬਾਰੇ ਜਾਗਰੂਕ ਹੁੰਦੇ ਹਨ। | - 'ਜਲ ਪ੍ਰਦੂਸ਼ਣ' ਉੱਤੇ ਡਰਾਇੰਗ ਬਣਵਾਉਣਾ।<br>-ਅਕਬਰ ਬੀਰਬਲ ਦੀ ਗੱਲਬਾਤ ਦਾ ਛੋਟਾ ਜਿਹਾ ਨਾਟਕ ਤਿਆਰ ਕਰਕੇ ਜਮਾਤ ਵਿੱਚ ਕਰਵਾਉਣਾ।<br>-ਵਰਖਾ ਦੇ ਪਾਣੀ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ ?ਵਿਸ਼ੇ 'ਤੇ ਜਮਾਤ ਵਿੱਚ ਚਰਚਾ ਕਰਵਾਉਣਾ।<br>-ਕਵਿਤਾ ਵਿੱਚ ਆਏ ਮੁਹਾਵਰਿਆਂ ਨੂੰ ਚੁਣ ਕੇ ਲਿਖਣਾ ਤੇ ਵਾਕ ਬਣਾਉਣਾ।<br>-ਇਕ ਹਫ਼ਤੇ ਦੌਰਾਨ ਉਹਨਾਂ ਨੇ ਪਾਣੀ ਦੇ ਕਿਹੜੇ-ਕਿਹੜੇ ਸੋਮੇ ਦੇਖੇ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਣ ਲਈ ਕੀ ਉਪਰਾਲਾ ਕੀਤਾ?ਪ੍ਰੋਜੈਕਟ ਰਿਪੋਰਟ ਤਿਆਰ ਕਰਨਾ। |

| | | | | | |
|---|---|---|---|---|---|
| **ਪਾਠ-8<br>ਇੱਕ ਦੁਨੀਆ ਇਹ ਵੀ<br>(ਵਾਰਤਾਲਾਪ)<br>ਸਿਰਫ਼ ਪੜ੍ਹਨ ਲਈ** | ਵਾਰਤਾਲਾਪ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਟ੍ਰਾਂਸਜੈਂਡਰ ਸਮਾਜ ਦੇ ਜੀਵਨ,ਸੰਘਰਸ਼ ਅਤੇ ਚੁਣੌਤੀਆਂ ਬਾਰੇ ਜਾਣਕਾਰੀ ਦੇਣਾ । | ਅਣਡਿੱਠਾ ਪੈਰਾ। | | -ਪਾਠ ਵਿੱਚ ਆਏ ਵਿਚਾਰਾਂ ਨੂੰ ਸਮਝਦੇ ਹਨ।<br>-ਟ੍ਰਾਂਸਜੈਂਡਰ ਸਮਾਜ ਦੇ ਸੰਘਰਸ਼, ਸਮੱਸਿਆਵਾਂ ਨੂੰ ਸਮਝਦੇ ਹਨ।<br>- ਟ੍ਰਾਂਸਜੈਂਡਰ ਸਮਾਜ ਬਾਰੇ ਸੁਹਿਰਦਤਾ ਰੱਖਦੇ ਹਨ। | -ਵਿਦਿਆਰਥੀਆਂ ਨੂੰ ਟ੍ਰਾਂਸਜੈਂਡਰ ਬਾਰੇ ਜਾਣਕਾਰੀ ਦੇਣਾ। -ਵਿਦਿਆਰਥੀਆਂ ਤੋਂ ਸਮਾਨ ਅਧਿਕਾਰ ਵਿਸ਼ੇ 'ਤੇ ਛੋਟੀ ਲਿਖਤ ਲਿਖਵਾਉਣਾ।<br>-ਟ੍ਰਾਂਸਜੈਂਡਰ ਸਮਾਜ ਦੀਆਂ ਚੁਣੌਤੀਆਂ ਬਾਰੇ ਚਰਚਾ ਕਰਨਾ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ-<br>ਕੋਈ ਰਾਸ਼ਟਰੀ ਤਿਉਹਾਰ<br>ਪੱਤਰ-<br>ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | | -ਵਿਆਕਰਨ ਦੇ ਵੱਖ-ਵੱਖ ਰੂਪਾਂ ਬਾਰੇ ਜਾਣਕਾਰੀ ਹਾਸਲ ਕਰਦੇ ਹਨ।<br>-ਵੱਖ-ਵੱਖ ਵਿਆਕਰਨਿਕ ਇਕਾਈਆਂ ਵਿਚਲੇ ਅੰਤਰ ਨੂੰ ਸਮਝਦੇ ਹਨ।<br>-ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ ਅਤੇ ਅਭਿਆਸ ਕਰਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਜਮਾਤ ਵਿੱਚ ਲੇਖ ਲਿਖਣ ਦੀ ਮੁਕਾਬਲਾ ਗਤੀਵਿਧੀ ਕਰਵਾਉਣਾ।<br>-ਪੱਤਰ ਲਿਖਣ ਦੀ ਮੁਕਾਬਲਾ ਗਤੀਵਿਧੀ ਕਰਵਾਉਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਹਿਦਾਇਤ ਦੇਣੀ ਅਤੇ ਗਲਤੀਆਂ ਸੁਧਾਰਨਾ।<br>-ਕੋਈ ਚਿੱਤਰ ਦੇ ਕੇ ਵਰਨਣ ਕਰਵਾਉਣਾ।<br>-ਚਿੱਤਰ ਵੇਖ ਕੇ ਕਹਾਣੀ ਰਚਨਾ ਦੀ ਗਤੀਵਿਧੀ ਕਰਵਾਉਣਾ। |

- **ਉਪਰੋਕਤ ਪਾਠਕ੍ਰਮ 5 ਸਤੰਬਰ 2026 ਤੱਕ ਪੂਰਾ ਕਰ ਲਿਆ ਜਾਵੇ।**
- **ਪਹਿਲੀ ਟਰਮ ਲਈ ਦੁਹਰਾਈ ਕਾਰਜ ਕਰ ਲਿਆ ਜਾਵੇ।**

| **ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | ਪਾਠਕ੍ਰਮ ਟੀਚੇ ਅਤੇ ਯੋਗਤਾਵਾਂ | **ਸਿੱਖਣ ਨਤੀਜੇ** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-9**<br>**ਦਿੱਲੀ ਦਾ ਸਾਂਝਾ ਮੇਲਾ**<br>**(ਲੇਖ)** | ਦਿੱਲੀ ਵਿੱਚ ਮਨਾਏ ਜਾਂਦੇ 'ਫੂਲ ਵਾਲੋਂ ਕੀ ਸੈਰ' ਮੇਲੇ ਦਾ ਇਤਿਹਾਸਕ ਪਿਛੋਕੜ ਅਤੇ ਵਿਲੱਖਣਤਾ ਦੱਸਦੇ ਹੋਏ ਦਿੱਲੀ ਦੇ ਸੰਦਰਭ ਵਿੱਚ ਇਸਦੇ ਸਾਂਝੇ ਸਭਿਆਚਾਰਕ ਮਹੱਤਵ ਨੂੰ ਉਜਾਗਰ ਕਰਨਾ। | ਕਿਰਿਆ, ਵਿਸ਼ੇਸ਼ਣ ਸ਼ਬਦਾਂ ਦੀ ਪਛਾਣ, ਵਾਕਾਂ ਵਿੱਚ ਵਰਤੋਂ। | CG-1 ਰੋਜ਼ਾਨਾ ਦੀ ਗੱਲਬਾਤ ਲਈ ਪ੍ਰਭਾਵਸ਼ਾਲੀ ਸੰਚਾਰ ਹੁਨਰ ਵਿਕਸਿਤ ਕਰਨਾ, ਘਟਨਾਵਾਂ , ਸਥਿਤੀਆਂ , ਕਹਾਣੀ ਜਾਂ ਕਲਪਨਾ ਦਾ ਵਿਸਥਾਰਪੂਰਵਕ ਵਰਨਣ ਕਰਦੇ ਹੋਏ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਮੌਖਿਕ ਯੋਗਤਾ ਨੂੰ ਵਧਾਉਣਾ।<br>C-1.1 \| ਸੰਦਰਭ ਦੇ ਅਨੁਸਾਰ ਢੁਕਵੀਂ ਗੱਲਬਾਤ ਕਰਨਾ। | -ਵਿਦਿਆਰਥੀ ਦਿੱਲੀ ਦੇ ਇਸ ਵਿਲੱਖਣ ਮੇਲੇ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ ।<br>-ਵਿਦਿਆਰਥੀ ਸਮਾਨਤਾ ,ਭਾਈਚਾਰੇ ਅਤੇ ਆਪਸੀ ਮੇਲ-ਜੋਲ ਦੀ ਭਾਵਨਾ ਦਾ ਮਹੱਤਵ ਸਮਝਦੇ ਹਨ।<br>-ਵਿਸ਼ੇਸ਼ਣ ਸ਼ਬਦਾਂ ਨੂੰ ਪਛਾਣਦੇ ਹਨ। | -ਦਿੱਲੀ ਵਿੱਚ ਮਨਾਏ ਜਾਂਦੇ ਹੋਰ ਮੇਲਿਆਂ ਬਾਰੇ ਜਾਣਕਾਰੀ ਇਕੱਠੀ ਕਰਵਾਉਣਾ।<br>-ਪਾਠ ਵਿੱਚ ਆਏ ਕਿਰਿਆ ਅਤੇ ਵਿਸ਼ੇਸ਼ਣ ਸ਼ਬਦ ਲੱਭਣ ਲਈ ਸਮੂਹ ਗਤੀਵਿਧੀ ਕਰਵਾਉਣਾ।<br>-ਵਿਦਿਆਰਥੀਆਂ ਦੁਆਰਾ ਕਿਸੇ ਅੱਖੀਂ ਡਿੱਠੇ ਮੇਲੇ ਦਾ ਅਨੁਭਵ ਜਮਾਤ ਵਿੱਚ ਸੁਣਾਉਣਾ । |

| | | | | | |
|---|---|---|---|---|---|
| | | | C-1.2 \| ਵਿਭਿੰਨ ਪਾਠਾਂ (ਕਹਾਣੀਆਂ, ਕਵਿਤਾਵਾਂ ਅਤੇ ਗੱਲਬਾਤ) ਨੂੰ ਸੁਣਨਾ ਅਤੇ ਸਮੱਗਰੀ ਦੇ ਮੁੱਖ ਵਿਚਾਰਾਂ ਦਾ ਸਾਰ ਕੱਢਣਾ। | | - ਮੇਲੇ ਨਾਲ ਸੰਬੰਧਿਤ ਤਸਵੀਰਾਂ /ਵੀਡੀਓ (ਜੇ ਸੰਭਵ ਹੋਵੇ) ਵਿਖਾ ਕੇ ਚਰਚਾ ਕਰਵਾਉਣਾ। |
| **ਪਾਠ-10**<br>**ਹਿੰਮਤ ਦੀ ਫ਼ਤਹਿ**<br>**(ਕਵਿਤਾ)** | ਦੌਲਤ,ਅਕਲ,ਵਿੱਦਿਆ ਅਤੇ ਹੋਣੀ ਦੇ ਅੱਗੇ ਹਿੰਮਤ ਨੂੰ ਵੱਡਾ ਦਰਸਾਉਣਾ। | ਮੁਹਾਵਰੇ, ਭਿੰਨ-ਅਰਥਕ ਸ਼ਬਦ। | C-1.3 \| ਮੌਖਿਕ ਪੇਸ਼ਕਾਰੀਆਂ ਕਰਨਾ (ਜਿਵੇਂ ਕਿ ਜਮਾਤ ਵਿੱਚ ਬਹਿਸ, ਸਵਾਗਤੀ ਨੋਟ, ਛੋਟੇ ਪ੍ਰੋਗਰਾਮਾਂ ਦਾ ਸੰਚਾਲਨ, ਛੋਟੇ ਭਾਸ਼ਣ ਆਦਿ)।<br>CG2 ਭਾਸ਼ਾ ਪ੍ਰਵਾਹ ਅਤੇ ਜੋ ਕੁਝ ਪੜ੍ਹਿਆ ਗਿਆ ਹੈ ਉਸਨੂੰ ਸਮਝਣ ਦੀ ਯੋਗਤਾ ਵਿਕਸਿਤ ਕਰਨਾ \|<br>C-2.1 \| ਕਹਾਣੀਆਂ ਅਤੇ ਪੈਰਿਆਂ ਨੂੰ ਸ਼ੁੱਧਤਾ, ਉਚਿਤ | -ਕਵਿਤਾ ਦਾ ਕੇਂਦਰੀ ਭਾਵ ਸਮਝਦੇ ਹਨ<br>-ਕਵਿਤਾ ਦਾ ਸੁਰ ,ਲੈਅ ਅਤੇ ਤਾਲ ਨਾਲ ਆਦਰਸ਼ ਵਾਚਨ ਕਰਦੇ ਹਨ। -ਹਿੰਮਤ ਦੇ ਗੁਣ ਨੂੰ ਜੀਵਨ ਵਿੱਚ ਅਪਣਾਉਣ ਦੀ ਸੇਧ ਲੈਂਦੇ ਹਨ।<br>-ਕਵਿਤਾ ਵਿੱਚ ਆਏ ਵਿਚਾਰਾਂ ਤੋਂ ਪ੍ਰੇਰਣਾ ਲੈਂਦੇ ਹਨ। | - ਵਿਦਿਆਰਥੀ ਕੋਲੋਂ ਕਵਿਤਾ ਵਿੱਚੋਂ ਮੁਹਾਵਰੇ ਲੱਭਣ ਦੀ ਗਤੀਵਿਧੀ ਕਰਵਾਉਣਾ ਤੇ ਮੁਹਾਵਰਿਆਂ ਤੋਂ ਵਾਕ ਬਣਵਾਉਣਾ।<br>-ਵਿਦਿਆਰਥੀਆਂ ਨੂੰ ਜੀਵਨ ਵਿੱਚ ਹਿੰਮਤ ਬਣਾਈ ਰੱਖਣ ਸੰਬੰਧੀ ਕੋਈ ਕਹਾਣੀ ਸੁਣਾਉਣਾ।<br>- ਵਿਦਿਆਰਥੀਆਂ ਤੋਂ ਆਪਣੇ ਜੀਵਨ ਦੀ ਕੋਈ ਹਿੰਮਤ ਨਾਲ ਸੰਬੰਧਿਤ ਘਟਨਾ ਸਾਂਝੀ ਕਰਵਾਉਣਾ। |

| | | | | | |
|---|---|---|---|---|---|
| | | | ਠਹਿਰਾਅ ਅਤੇ ਲੈਅ ਨਾਲ ਪੜ੍ਹਨਾ। | | |
| **ਪਾਠ-11**<br>**ਨਿਰਭਉ**<br>**(ਕਹਾਣੀ)** | ਕਹਾਣੀ ਰਾਹੀਂ ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਦਾ ਯਤਨ ਕਰਨਾ। | ਕਾਰਕ ਸੰਬੰਧੀ ਵਿਹਾਰਕ ਪ੍ਰਸ਼ਨ। | C-2.2 \| ਕਹਾਣੀਆਂ, ਕਵਿਤਾਵਾਂ, ਗੱਲਬਾਤ, ਪੋਸਟਰਾਂ ਅਤੇ ਹਦਾਇਤਾਂ ਦੇ ਅਰਥ ਅਤੇ ਪਾਠ ਵਿੱਚ ਮੁੱਖ ਵਿਚਾਰ ਨੂੰ ਸਮਝਣਾ।<br>CG-3 \| ਆਪਣੀ ਸਮਝ, ਤਜ਼ਰਬਿਆਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਖਤੀ ਰੂਪ ਵਿੱਚ (ਹਦਾਇਤਾਂ, ਸੱਦਾ ਪੱਤਰ ਅਤੇ ਚਿੱਠੀਆਂ ਰਾਹੀਂ) ਪ੍ਰਗਟ ਕਰਨ ਦੀ ਯੋਗਤਾ ਵਿਕਸਿਤ ਕਰਨਾ। | -ਅੰਧ-ਵਿਸ਼ਵਾਸਾਂ ਪ੍ਰਤੀ ਜਾਗਰੁਕ ਹੁੰਦੇ ਹਨ।<br>-ਕਾਰਕ ਸੰਬੰਧੀ ਵਰਕਸ਼ੀਟ ਹਲ ਕਰਦੇ ਹਨ।<br>- ਵਿਦਿਆਰਥੀ ਤਰਕ ਸਹਿਤ ਆਪਣੀ ਗੱਲ ਦੂਜਿਆਂ ਸਾਹਮਣੇ ਰੱਖਣਾ ਸਿੱਖਦੇ ਹਨ। | - ਵਿਦਿਆਰਥੀਆਂ ਦਾ ਜੁੱਟ ਬਣਵਾ ਕੇ ਜਮਾਤ ਨੂੰ ਅੰਧ-ਵਿਸ਼ਵਾਸਾਂ ਪ੍ਰਤੀ ਜਾਗਰੁਕ ਕਰਨ ਲਈ ਆਪਸ ਵਿੱਚ ਵਿਚਾਰ ਚਰਚਾ ਕਰਕੇ ਕੱਢੇ ਗਏ ਸਿੱਟੇ ਨੂੰ ਜਮਾਤ ਵਿੱਚ ਸਾਂਝਾ ਕਰਨ ਦਾ ਮੌਕਾ ਦੇਣਾ।<br>-ਵੱਖ-ਵੱਖ ਵਿਆਕਰਨ ਸ਼੍ਰੇਣੀਆਂ ਸੰਬੰਧੀ ਵਰਕਸ਼ੀਟ ਦੇ ਕੇ ਵਿਆਕਰਨ ਦਾ ਵਿਹਾਰਕ ਗਿਆਨ ਦੇਣਾ।<br>- ਅੰਧ-ਵਿਸ਼ਵਾਸ ਅਤੇ ਵਿਗਿਆਨਕ ਸੋਚ 'ਤੇ ਵਾਦ-ਵਿਵਾਦ ਕਰਵਾਉਣਾ। -ਕਾਰਕਾਂ ਦੀ ਪਛਾਣ ਕਰਵਾਉਣ ਲਈ ਕਾਰਡ-ਖੇਡ ਤਿਆਰ ਕਰਵਾਉਣਾ। |

| | | | | | |
|---|---|---|---|---|---|
| **ਪਾਠ-12**<br><br>**ਕਰਤਾਰ ਸਿੰਘ ਸਰਾਭਾ**<br><br>**(ਜੀਵਨੀ)** | ਵਿਦਿਆਰਥੀਆਂ ਨੂੰ ਕਰਤਾਰ ਸਿੰਘ ਸਰਾਭਾ ਦੇ ਜੀਵਨ,ਅਜ਼ਾਦੀ ਪ੍ਰਾਪਤ ਕਰਨ ਲਈ ਦਿੱਤੇ ਯੋਗਦਾਨ ਅਤੇ ਸ਼ਹਾਦਤ ਤੋਂ ਜਾਣੂ ਕਰਵਾਉਣਾ। | ਯੋਜਕ। | C-3.1 \| ਆਪਣੀ ਸਮਝ ਅਤੇ ਤਜ਼ਰਬਿਆਂ ਨੂੰ ਪ੍ਰਗਟ ਕਰਨ ਲਈ ਇੱਕ ਪੈਰਾ ਲਿਖਣਾ। | -ਵਿਦਿਆਰਥੀ ਜੀਵਨੀ ਵਿਧਾ ਬਾਰੇ ਜਾਣੂ ਹੁੰਦੇ ਹਨ।<br><br>-ਜੀਵਨੀ ਵਿੱਚ ਆਏ ਵੇਰਵੇ ਨੂੰ ਜਾਣਦੇ ਹਨ।<br><br>- ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਏ ਦੇਸ਼ ਭਗਤਾਂ ਬਾਰੇ ਜਾਣਦੇ ਹਨ। | -ਅਜ਼ਾਦੀ ਪ੍ਰਾਪਤੀ ਵਿੱਚ ਕਰਤਾਰ ਸਿੰਘ ਸਰਾਭਾ ਦੇ ਵਿਸ਼ੇਸ਼ ਯੋਗਦਾਨ ਬਾਰੇ ਜਾਣਕਾਰੀ ਦੇਣਾ।<br><br>-ਵਿਦਿਆਰਥੀਆਂ ਤੋਂ ਸਮੂਹਿਕ ਰੂਪ ਵਿੱਚ ਕਿਸੇ ਹੋਰ ਪੰਜਾਬੀ ਨਾਇਕ/ਦੇਸ਼ਭਗਤ ਬਾਰੇ ਜਾਣਕਾਰੀ ਇਕੱਠੀ ਕਰਵਾਉਣਾ।<br><br>-ਦੇਸ਼ ਲਈ ਸ਼ਹੀਦ ਹੋਣ ਵਾਲੇ ਦੇਸ਼ ਭਗਤਾਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਕੋਲਾਜ ਬਣਵਾਉਣਾ।<br><br>-ਵਾਕਾਂ ਵਿੱਚੋਂ ਯੋਜਕ ਵੱਖ ਕਰਨ ਸੰਬੰਧੀ ਵਰਕਸ਼ੀਟ ਕਰਵਾਉਣਾ। |
| **ਪਾਠ-13**<br><br>**ਆਈ ਏ ਬਸੰਤ**<br><br>**(ਕਵਿਤਾ)** | ਬਸੰਤ ਰੁੱਤ ਦੇ ਸੁਹਾਵਣੇ ਦ੍ਰਿਸ਼,ਵਾਤਾਵਰਨ ਵਿੱਚ ਆਏ ਬਦਲਾਅ ਅਤੇ ਲੋਕਾਂ ਵਿੱਚ ਪੈਦਾ ਹੋਈ ਨਵੀਂ ਉਮੰਗ ਦਾ | ਵਾਕਾਂ ਵਿੱਚ ਵਰਤੋਂ, ਸ਼ਬਦ ਸ਼ੁੱਧੀ, ਸਮਾਨਾਰਥੀ ਸ਼ਬਦ। | | - ਵਿਦਿਆਰਥੀ ਕਵਿਤਾ ਦਾ ਆਦਰਸ਼ ਵਾਚਨ ਕਰਦੇ ਤੇ ਆਨੰਦ ਮਾਣਦੇ ਹਨ । | -ਵੱਖ-ਵੱਖ ਰੁੱਤਾਂ ਦਾ ਚਾਰਟ ਦਿਖਾ ਕੇ ਰੁੱਤਾਂ ਬਾਰੇ ਜਾਣਕਾਰੀ ਦੇਣਾ।<br><br>-ਵੱਖ-ਵੱਖ ਰੁੱਤਾਂ ਬਾਰੇ ਵਿਦਿਆਰਥੀਆਂ ਨਾਲ ਚਰਚਾ ਕਰਨਾ। |

| | | | | | |
|---|---|---|---|---|---|
| | ਚਿੱਤਰ ਵਿਦਿਆਰਥੀਆਂ ਸਾਹਵੇਂ ਸਾਕਾਰ ਕਰਨਾ । | | | -ਬਸੰਤ ਰੁੱਤ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਹਾਸਲ ਕਰਦੇ ਹਨ।<br>-ਰੁੱਤਾਂ ਦਾ ਜੀਵਨ ਵਿੱਚ ਮਹੱਤਵ ਸਮਝਦੇ ਹਨ। | -'ਮੇਰੀ ਮਨਪਸੰਦ ਰੁੱਤ' ਵਿਸ਼ੇ 'ਤੇ ਪੰਜ ਵਾਕ ਲਿਖਵਾਉਣਾ।<br>-ਬਸੰਤ ਰੁੱਤ ਦੇ ਦ੍ਰਿਸ਼ਾਂ ਨਾਲ ਸੰਬੰਧਿਤ ਡਰਾਇੰਗ ਬਣਵਾਉਣਾ।<br>-ਸਮਾਨਾਰਥੀ ਸ਼ਬਦਾਂ ਨਾਲ ਸੰਬੰਧਿਤ ਵਰਕਸ਼ੀਟ ਕਰਵਾਉਣਾ।<br>-ਬਸੰਤ ਰੁੱਤ ਬਾਰੇ ਚਿੱਤਰ ਦੇ ਕੇ ਵਰਨਣ ਕਰਾਉਣਾ। |
| **ਪਾਠ-14**<br>**ਰੁੱਖਾਂ ਨੂੰ ਗਲਵੱਕੜੀ**<br>**(ਲੇਖ)** | ਭਾਰਤ ਵਿੱਚ ਵੱਖ-ਵੱਖ ਸਮੇਂ 'ਤੇ ਰੁੱਖਾਂ ਨੂੰ ਬਚਾਉਣ ਲਈ ਚਲਾਈਆਂ ਗਈਆਂ ਮੁਹਿੰਮਾਂ,ਖਾਸ ਕਰਕੇ ਬਿਸ਼ਨੋਈ ਸਮਾਜ ਅਤੇ ਪਹਾੜੀ ਲੋਕਾਂ ਦੁਆਰਾ ਕੀਤੇ ਯਤਨਾਂ ਅਤੇ 'ਚਿਪਕੋ ਲਹਿਰ' ਦੀ ਸਫ਼ਲਤਾ ਬਾਰੇ ਜਾਣਕਾਰੀ ਦੇਣਾ । | ਵਾਕਾਂ ਵਿੱਚ ਵਰਤੋਂ, ਸੰਬੰਧਕ। | | -ਪਾਠ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੁੰਦੇ ਹਨ।<br>-ਵਿਦਿਆਰਥੀ ਚਿਪਕੋ ਅੰਦੋਲਨ ਬਾਰੇ ਜਾਣਕਾਰੀ ਹਾਸਲ ਕਰਦੇ ਹਨ। | -ਰੁੱਖ ਬਚਾਓ ਅਤੇ ਵਾਤਾਵਰਨ ਬਚਾਓ ਸੰਬੰਧੀ ਨਾਅਰੇ ਲਿਖਵਾਉਣਾ।<br>-ਰੁੱਖਾਂ ਦੀ ਸੰਭਾਲ ਬਾਰੇ ਚਰਚਾ ਕਰਵਾਉਣੀ।<br>-ਕੋਈ ਪੰਜ ਰੁੱਖਾਂ ਦੇ ਨਾਂ ਉਹਨਾਂ ਦੇ ਚਿੱਤਰ ਸਹਿਤ ਲਿਖ ਕੇ ਚਾਰਟ ਤਿਆਰ ਕਰਵਾਉਣ। |

| | | | | | |
|---|---|---|---|---|---|
| | | | | -ਵਿਦਿਆਰਥੀ ਰੁੱਖ ਲਗਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਕਰਨ ਦੀ ਪ੍ਰੇਰਨਾ ਹਾਸਲ ਕਰਦੇ ਹਨ।<br>-ਰੁੱਖਾਂ ਦਾ ਜੀਵਨ ਵਿੱਚ ਮਹੱਤਵ ਸਮਝਦੇ ਹਨ। | -ਵਿਦਿਆਰਥੀਆਂ ਨੂੰ ਆਪਣੇ ਜਨਮਦਿਨ 'ਤੇ ਰੁੱਖ ਲਗਾਉਣ ਲਈ ਪ੍ਰੇਰਿਤ ਕਰਨਾ।<br>- 'ਵੱਧਦੇ ਪ੍ਰਦੂਸ਼ਣ ਦੇ ਕਾਰਨ' ਵਿਸ਼ੇ 'ਤੇ ਜਮਾਤ ਵਿੱਚ ਪ੍ਰਸ਼ਨੋਤਰੀ ਮੁਕਾਬਲਾ ਕਰਵਾਉਣਾ। |
| **ਪਾਠ-15**<br>**ਗੁਬਾਰੇ ਵਾਲਾ**<br>**(ਇਕਾਂਗੀ)** | ਇੱਕ ਗਰੀਬ ਬੱਚੇ ਦੁਆਰਾ ਆਪਣੀਆਂ ਜ਼ਰੂਰਤਾਂ ਤੋਂ ਉੱਪਰ ਉੱਠ ਕੇ ਕਿਸੇ ਬਾਰੇ ਸੋਚਣਾ ਅਤੇ ਫਿਰ ਇੱਕ ਔਰਤ ਦੁਆਰਾ ਉਸ ਦੇ ਸੰਘਰਸ਼ ਅਤੇ ਉੱਚੀ ਸੋਚ ਤੋਂ ਪ੍ਰੇਰਿਤ ਹੋਣ ਬਾਰੇ ਦੱਸਣਾ । | ਵਾਕਾਂ ਵਿੱਚ ਵਰਤੋਂ,<br>ਸ਼ਬਦ ਸ਼ੁੱਧੀ,<br>ਵਿਸਮਿਕ। | | -ਇਕਾਂਗੀ ਵਿਧਾ ਬਾਰੇ ਸਮਝਦੇ ਹਨ।<br>- ਵਿਦਿਆਰਥੀ ਇਕਾਂਗੀ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੁੰਦੇ ਹਨ।<br>-ਪਰਿਵਾਰਕ ਜ਼ਿੰਮੇਵਾਰੀਆਂ ਬਾਰੇ ਸਮਝਦੇ ਹਨ।<br>-ਦੂਜਿਆਂ ਦੀ ਮਦਦ ਕਰਨਾ ਸਿੱਖਦੇ ਹਨ। | -ਇਕਾਂਗੀ ਵਿੱਚ ਆਏ ਪਾਤਰਾਂ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਪਾਤਰ ਬਣਾਉਂਦੇ ਹੋਏ ਇਕਾਂਗੀ ਪੜ੍ਹਾਉਣਾ ਅਤੇ ਜਮਾਤ ਜਾਂ ਸਵੇਰ ਸਭਾ ਵਿੱਚ ਲਘੂ ਨਾਟਕ ਪੇਸ਼ ਕਰਨਾ।<br>-ਇਕਾਂਗੀ ਵਿੱਚ ਆਏ ਮਨਪਸੰਦ ਪਾਤਰ ਉੱਤੇ ਅਧਾਰਿਤ ਕੋਈ ਸਕਿੱਟ/ਨਕਲ ਪੇਸ਼ ਕਰਨ ਲਈ ਉਤਸਾਹਿਤ ਕਰਨਾ।<br>- ਬਾਲ ਮਜ਼ਦੂਰੀ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ? ਵਿਸ਼ੇ 'ਤੇ ਜਮਾਤ ਵਿੱਚ ਦੋ ਸਮੂਹਾਂ ਵਿਚਕਾਰ ਚਰਚਾ ਕਰਵਾਉਣਾ। |

| | | | | | |
|---|---|---|---|---|---|
| | | | | | -ਜੇ ਤੁਸੀਂ ਕਿਸੇ ਦੀ ਮਦਦ ਕੀਤੀ ਹੈ ਤਾਂ ਆਪਣੇ ਅਨੁਭਵ ਜਮਾਤ ਵਿੱਚ ਸਾਂਝਾ ਕਰਨਾ।<br>- ਵਿਸਮਿਕ ਅਤੇ ਸ਼ਬਦ-ਸ਼ੁੱਧੀ ਨਾਲ ਸੰਬੰਧਿਤ ਵਰਕਸ਼ੀਟ ਕਰਵਾਉਣਾ। |
| **ਪਾਠ-16**<br>**ਮਾਂ-ਬੋਲੀ ਦਾ ਸਾਗਰ (ਕਵਿਤਾ)**<br>**ਸਿਰਫ਼ ਪੜ੍ਹਨ ਲਈ** | ਮਾਂ-ਬੋਲੀ ਦਾ ਗੁਣਗਾਨ ਕਰਨਾ। | ਤਸਵੀਰ ਵਰਨਣ, ਅਣਡਿੱਠਾ ਪੈਰਾ। | | -ਵਿਦਿਆਰਥੀ ਕਵਿਤਾ ਦਾ ਆਦਰਸ਼ ਵਾਚਨ ਕਰਕੇ ਕਵਿਤਾ ਦਾ ਆਨੰਦ ਮਾਣਦੇ ਹਨ।<br>- ਕਵਿਤਾ ਦਾ ਕੇਂਦਰੀ ਭਾਵ ਸਮਝਦੇ ਹਨ।<br>-ਬੋਲੀ ਬਾਰੇ ਜਾਣਕਾਰੀ ਰੱਖਦੇ ਹਨ।<br>-ਮਾਂ-ਬੋਲੀ ਦੇ ਜੀਵਨ ਵਿੱਚ ਮਹੱਤਵ ਨੂੰ ਸਮਝਦੇ ਹਨ। | -ਮਾਂ-ਬੋਲੀ ਦੇ ਮਹੱਤਵ ਬਾਰੇ ਜਾਣਕਾਰੀ ਦੇਣਾ।<br>-ਕੌਮਾਂਤਰੀ ਮਾਂ-ਬੋਲੀ ਦਿਵਸ ਬਾਰੇ ਚਰਚਾ ਕਰਨੀ।<br>- ਕੌਮਾਂਤਰੀ ਮਾਂ-ਬੋਲੀ ਦਿਵਸ ਮੌਕੇ 'ਤੇ ਕਵਿਤਾ ਭਾਸ਼ਣ ਗਤੀਵਿਧੀ ਕਰਵਾਉਣਾ।<br>-ਕਵਿਤਾ ਦੀਆਂ ਤੁਕਾਂ ਦਾ ਵਾਰ-ਵਾਰ ਉਚਾਰਨ ਕਰਵਾ ਕੇ ਅਭਿਆਸ ਕਰਾਉਣਾ। |

| | | | | | |
|---|---|---|---|---|---|
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਸਫਾਈ ਦਾ ਮਹੱਤਵ<br>ਪੱਤਰ- ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ।<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | | -ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਦੇ ਹਨ।<br>-ਵੱਖ-ਵੱਖ ਹਨ। ਵਿਆਕਰਣਕ ਇਕਾਈਆਂ ਵਿਚਲੇ ਅੰਤਰ ਨੂੰ ਸਮਝਦੇ<br>-ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ ਅਤੇ ਅਭਿਆਸ ਕਰਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਦਫ਼ਤਰੀ ਅਤੇ ਨਿੱਜੀ ਪੱਤਰ ਦੇ ਫਾਰਮੇਟ ਦਾ ਅੰਤਰ ਸਮਝਾਉਣਾ।<br>-ਵੱਖ-ਵੱਖ ਵਿਆਕਰਨ ਸ਼੍ਰੇਣੀਆਂ ਦਾ ਵਾਰ-ਵਾਰ ਅਭਿਆਸ ਕਰਾਉਣਾ।<br>- ਅਣਡਿੱਠਾ ਪੈਰਾ ਦੇ ਕੇ ਸਮਝ ਅਧਾਰਿਤ ਪ੍ਰਸ਼ਨ ਹੱਲ ਕਰਵਾਉਣਾ।<br>- ਜਮਾਤ ਦੀ ਤਸਵੀਰ ਵੇਖਦੇ ਹੋਏ ਵਿਦਿਆਰਥੀ ਕੋਲੋਂ ਤਸਵੀਰ ਵਰਨਣ ਦਾ ਅਭਿਆਸ ਕਰਵਾਉਣਾ। |

| | | | | | |
|---|---|---|---|---|---|
| | | | | - ਵਿਹਾਰਕ ਵਿਆਕਰਨ ਦਾ ਅਭਿਆਸ ਕਰਦੇ ਹਨ। | |

- **ਉਪਰੋਕਤ ਪਾਠਕ੍ਰਮ 30 ਜਨਵਰੀ 2027 ਤੱਕ ਪੂਰਾ ਕਰ ਲਿਆ ਜਾਵੇ।**
- **ਪਾਠਕ੍ਰਮ ਪੂਰਾ ਹੋਣ ਉਪਰੰਤ ਦੁਹਰਾਈ ਕਰਵਾਈ ਜਾਵੇ।**
- **ਸਲਾਨਾ ਪ੍ਰੀਖਿਆ ਵਿੱਚ ਪੂਰੇ ਪਾਠਕ੍ਰਮ ਦਾ ਮੁਲਾਂਕਣ ਕੀਤਾ ਜਾਵੇਗਾ।**